# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ , ਮੋਹਾਲੀ

ਵੱਲ:- ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ:ਸਿ:) , ਪੰਜਾਬ
ਸਮੂਹ ਸਕੂਲ ਮੁਖੀ (ਵੈਬ ਸਾਈਟ ਰਾਹੀਂ)

ਮੀਮੋ ਨੰ. 8/6/2017 ਯੂ3ਪ2 ਮਿਤੀ:- 27.07.2017

ਵਿਸ਼ਾ:- ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਹਾੜੇ ਯਾਦ ਕਰਵਾਉਣ ਸਬੰਧੀ।

- ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।
- ਸਿੱਖਿਆ ਸ਼ਾਸ਼ਤਰੀਆਂ ਮੁਤਾਬਿਕ ਗਣਿਤ ਨੂੰ ਸਿੱਖਣ ਅਤੇ ਸਿਖਾਉਣ ਲਈ ਵਿਦਿਆਰਥੀਆਂ ਨੂੰ ਪਹਾੜਿਆਂ ਦਾ ਮੂੰਹ ਜੁਬਾਨੀ ਆਉਣਾ ਲਾਜ਼ਮੀ ਸਮਝਿਆ ਜਾਂਦਾ ਹੈ। ਪਹਾੜੇ, ਗਣਿਤ ਦੀਆਂ ਕਿਰਿਆਵਾਂ ਨੂੰ ਤੇਜ਼ ਕਰਨ ਲਈ ਕਾਫ਼ੀ ਮਦਦਗਾਰ ਹੁੰਦੇ ਹਨ। ਪਹਾੜਿਆਂ ਉੱਤੇ ਵਿਦਿਆਰਥੀਆਂ ਦੀ ਪਕੜ ਬਣਾਉਣ ਲਈ ਪਹਿਲਾਂ ਵੀ ਅਧਿਆਪਕਾਂ ਵੱਲੋਂ ਕੁਝ ਯਤਨ ਕੀਤੇ ਜਾ ਰਹੇ ਹਨ ।
- ਵਿਦਿਆਰਥੀਆਂ ਨੰ ਘੱਟੋ ਘੱਟ ਵੀਹ ਤੱਕ ਪਹਾੜੇ ਮੂੰਹ ਜ਼ੁਬਾਨੀ ਯਾਦ ਕਰਵਾਏ ਜਾਣ । ਪਹਾੜੇ ਬਣਾਉਣ ਅਤੇ ਮੂੰਹ ਜ਼ੁਬਾਨੀ ਯਾਦ ਕਰਵਾਉਣ ਦਾ ਟੀਚਾ ਮਿਥਿਆ ਗਿਆ ਹੈ ।
- ਇਸ ਲਈ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰੋਜਾਨਾ ਪਹਾੜੇ ਯਾਦ ਕਰਵਾਉਣ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਪੱਧਰ ਤੇ ਪਹਾੜਿਆਂ ਦਾ ਇੱਕ ਮੁਕਾਬਲਾ ਕਰਵਾਇਆ ਜਾਵੇ ।
- ਜਿਵੇਂ ਕਿ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਮਿਡਲ/ਹਾਈ ਸਕੂਲਾਂ ਵਿੱਚ ਸਵੇਰ ਦੀ ਸਭਾ ਦੌਰਾਨ ਜਵਦਿਆਰਥੀਆਂ ਵੱਲੋਂ ਪਹਾੜਿਆਂ ਨੂੰ ਜਣਕੱਠੇ ਦੁਹਰਾਇਆ ਜਾਂਦਾ ਹੈ ਜੋ ਕਿ ਚੰਗੀ ਪ੍ਰਥਾ ਹੈ , ਨੂੰ ਜਾਰੀ ਰੱਖਿਆ ਜਾਵੇ।
- ਜੇਕਰ ਸਕੂਲ ਮੁਖੀ ਆਪਣੇ ਪੱਧਰ ਤੇ ਵਿਸ਼ੇਸ ਕਰਕੇ ਮਿਡਲ ਸਕੂਲ (ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ) ਦੇ ਆਖਰੀ ਪੀਰੀਅਡ ਵਿੱਚ ਪਹਾੜਿਆਂ ਨੂੰ ਪੰਜ ਮਿੰਟ ਲਈ ਸਾਰੇ ਵਿਦਿਆਰਥੀਆਂ ਨੂੰ ਇਕੱਠਿਆਂ ਬੋਲਣ ਲਈ ਕਿਹਾ ਜਾਵੇ ।
- ਅਧਿਆਪਕ ਵਿਦਿਆਰਥੀਆਂ ਨੂੰ ਟੋਕਵੇਂ ਪਹਾੜਿਆਂ ਦਾ ਅਭਿਆਸ ਕਰਵਾ ਸਕਦਾ ਹੈ। ਵਿਦਿਆਰਥੀਆਂ ਦੁਆਰਾ ਜਮਾਤਾਂ ਵਿੱਚ ਸੁੰਦਰ ਲਿਖਾਈ ਨਾਲ ਪਹਾੜਿਆਂ ਦੇ ਛੋਟੇ-ਛੋਟੇ ਫਲੈਸ਼ ਕਾਰਡ, ਚਾਰਟ ਬਣਾਕੇ ਜਮਾਤਾਂ ਵਿੱਚ ਲਗਾਏ ਜਾ ਸਕਦੇ ਹਨ ।
- ਵਿਦਿਆਰਥੀਆਂ ਨੂੰ ਪਹਾੜਿਆਂ ਨੂੰ ਸਿੱਖਣ ਅਤੇ ਯਾਦ ਕਰਨ ਲਈ ਉਤਸ਼ਾਹਿਤ ਕਰਨ ਹਿੱਤ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 19.08.2017 ਨੂੰ ਸਕੂਲ ਪੱਧਰ ਤੇ ਪਹਾੜਿਆਂ ਦਾ ਮੁਕਾਬਲਾ ਕਰਵਾਉਣ, ਜਿਸ ਵਿੱਚ ਹਰ ਇੱਕ ਵਿਦਿਆਰਥੀ ਨੂੰ ਸ਼ਾਮਿਲ ਕੀਤਾ ਜਾਵੇ। ਇਸ ਬਾਰੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਦੱਸ ਦਿੱਤਾ ਜਾਵੇ ਕਿ ਸਾਰੇ ਵਿਦਿਆਰਥੀਆਂ ਤੋਂ ਪਹਾੜੇ ਸੁਣੇ ਜਾਣਗੇ। ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕੋਈ ਇਨਾਮ ਦੇਕੇ ਉਤਸ਼ਾਹਿਤ ਕੀਤਾ ਜਾਵੇ ।
- ਇਨ੍ਹਾਂ ਮੁਕਾਬਲਿਆਂ ਨੂੰ ਅਰਥ ਭਰਪੂਰ ਰੂਪ ਵਿੱਚ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ। ਸਕੂਲ ਪੱਧਰ ਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਮੁਖੀ ਵੱਲੋਂ ਪਿੰਡ ਦੇ ਪਤਵੰਤੇ ਸੱਜਣ/ਦਾਨੀ ਸੱਜਣਾਂ ਨੂੰ ਮੁਕਾਬਲੇ ਵਾਲੇ ਦਿਨ ਇਨਾਮ ਵੰਡਣ ਲਈ ਬੁਲਾਇਆ ਜਾ ਸਕਦਾ ਹੈ ।
- ਉਪਰੋਕਤ ਹਦਾਇਤਾਂ ਮਾਣਯੋਗ ਸਿੱਖਿਆ ਸਕੱਤਰ ਸਕੂਲ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾ ਰਹੀਆਂ ਹਨ ।

ਡਾਇਰੈਕਟਰ , 27/7/17

ਐਸ.ਸੀ.ਈ.ਆਰ.ਟੀ,ਪੰਜਾਬ